# ਸ਼ੇਖ ਫ਼ਰੀਦ

ਸ਼ੇਖ ਫ਼ਰੀਦ ਬਹੁ-ਪੱਖੀ ਸ਼ਖ਼ਸੀਅਤ ਅਤੇ ਬਹੁ-ਭਾਸ਼ਾਈ ਸੂਫ਼ੀ ਸ਼ਾਇਰ ਹਨ। ਬਾਬਾ ਫ਼ਰੀਦ ਦਾ ਜਨਮ 1173 ਈ. ਵਿੱਚ ਬੀਬੀ ਕਰਸੂਮ ਖ਼ਾਤੂਨ ਦੀ ਕੁੱਖੋਂ ਪਿਤਾ ਸ਼ੇਖ ਜਮਾਲੁਦੀਨ ਦੇ ਘਰ ਹੋਇਆ। ਬਾਬਾ ਫ਼ਰੀਦ ਜੀ ਨੇ ਸਥਾਨਕ ਮਦਰੱਸੇ ਵਿਚੋਂ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਮਗਰੋਂ, ਦਿੱਲੀ ਆ ਕੇ ਸੂਫ਼ੀਆਂ ਦੇ ਚਿਸ਼ਤੀ ਸੰਪਰਦਾਇ ਦੇ ਮੁਖੀ ਕੁਤਬੁਦੀਨ ਬਖਤਿਯਾਰ ਕਾਕੀ ਦੇ ਸ਼ਗਿਰਦ ਬਣੇ। ਆਪ ਦੀ ਪ੍ਰਤਿਭਾ ਅਤੇ ਪ੍ਰਾਪਤੀ ਦੇ ਸਨਮੁਖ ਸ਼ੇਖ ਕੁਤਬਦੀਨ ਬਖਤਿਯਾਰ ਕਾਕੀ ਨੇ 1233 ਈ. ਵਿੱਚ ਆਪ ਨੂੰ ਆਪਣੀ ਗੱਦੀ ਬਖਸ਼ ਦਿੱਤੀ। ਫ਼ਰੀਦ ਜੀ ਆਪਣੇ ਨਿੱਘੇ ਸੁਭਾਅ, ਹਲੀਮੀ ਅਤੇ ਮਿੱਠੀ ਜ਼ੁਬਾਨ ਕਰਕੇ ਲੋਕਾਂ ਵਿੱਚ ਹਰਮਨ ਪਿਆਰੇ ਸਨ। ਆਪ ਕੁਝ ਦੇਰ ਦਿੱਲੀ ਰਹਿਣ ਮਗਰੋਂ ਹਾਂਸੀ (ਜਿਲ੍ਹਾ ਹਿਸਾਰ) ਆ ਗਏ ਅਤੇ ਫੇਰ ਕਠਵਾਲ(ਖੋਤਵਾਲ) ਤੇ ਉੱਥੋਂ ਅਜੋਧਨ (ਮੁਲਤਾਨ ਦੇ ਨੇੜੇ) ਆ ਕੇ ਪੱਕੇ ਤੌਰ ’ਤੇ ਵੱਸ ਗਏ। ਆਪ ਜੀ ਦੀ ਅਧਿਆਤਮਕ ਬਖ਼ਸ਼ਿਸ ਕਰਕੇ ਇਹ ਸਥਾਨ ਅੱਜਕਲ੍ਹ ਪਾਕਪਟਨ ਦੇ ਨਾਂ ਨਾਲ ਪ੍ਰਸਿੱਧ ਹੈ। ਇੱਥੇ ਹੀ 1266 ਈ. ਵਿੱਚ ਆਪ ਦਾ ਦੇਹਾਂਤ ਹੋਇਆ।

ਆਪ ਦੇ ਸ਼ਬਦ ਤੇ ਸ਼ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਿਲ ਹਨ। ਚਾਰ ਸਬਦਾਂ ਵਿੱਚੋਂ ਦੋ ਰਾਗ ਆਸਾ ਅਤੇ ਦੋ ਰਾਗ ਸੂਹੀ ਵਿਚ ਅੰਕਿਤ ਕੀਤੇ ਗਏ ਹਨ। ਆਪ ਦੇ 112 ਸਲੋਕਾਂ ਨਾਲ ਚਾਰ ਗੁਰੂ ਸਾਹਿਬਾਨ (ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ) ਦੇ 18 ਸਲੋਕ ਹੋਰ ਵੀ ਜੋੜੇ ਗਏ ਹਨ। ਇਹਨਾਂ ਦਾ ਪ੍ਰਯੋਜਨ ਆਪ ਦੀ ਬਾਣੀ ਦੇ ਪ੍ਰਸੰਗਾਂ ਨੂੰ ਨਿਸ਼ਚਿਤ ਤੇ ਨਿਰਧਾਰਤ ਪਰਿਪੇਖ ਪ੍ਰਦਾਨ ਕਰਨਾ ਹੈ।

ਬਾਬਾ ਫ਼ਰੀਦ ਜੀ ਪੰਜਾਬੀ ਸੂਫ਼ੀ-ਕਾਵਿ ਧਾਰਾ ਦੇ ਮੋਢੀ ਕਵੀ ਹਨ। ਆਪ ਨੇ ਲਹਿੰਦੀ-ਪੰਜਾਬੀ ਵਿਚ ਪੰਜਾਬੀ ਸੂਫ਼ੀ ਕਾਵਿ ਦੀ ਰਚਨਾ ਕੀਤੀ। ਇਸ ਲਈ ਆਪ ਦੀ ਬਾਣੀ ਸੂਫ਼ੀ ਰਮਜ਼ਾਂ ਨੂੰ ਸਧਾਰਨ ਬੋਲ-ਚਾਲ ਦੀ ਭਾਸ਼ਾ ਵਿਚ ਸੰਚਾਰਿਤ ਕਰਨ ਦਾ ਯਤਨ ਕਰਦੀ ਹੈ। ਆਪ ਦੀ ਬਾਣੀ ਮਨੁੱਖ ਨੂੰ ਨਿਮਰਤਾ, ਪਿਆਰ ਤੇ ਹਮਦਰਦੀ ਭਰਪੂਰ ਸਾਦਾ ਅਤੇ ਸੱਚਾ-ਸੁੱਚਾ ਜੀਵਨ ਜੀਉਣ ਅਤੇ ਰੱਬ ਦੀ ਭਜਨ ਬੰਦਗੀ ਕਰਨ ਦੀ ਪ੍ਰੇਰਨਾ ਦੇਂਦੀ ਹੈ।

# ਸਲੋਕ

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥

ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥

ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥

ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥

ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥

ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ

ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥

**(ਧਨ- ਇਸਤਰੀ, ਮਲਕੁ- ਮੌਤ ਦਾ ਫਰਿਸ਼ਤਾ, ਪਰਣਾਇ- ਵਰ ਕੇ (ਵਿਆਹ ਕੇ), ਜੋਲਿ ਕੈ- ਤੋਰ ਕੇ, ਵਾਲਹੁ- ਵਾਲ ਤੋਂ, ਪੁਰਸਲਾਤ- ਪੁਲ ਸਿਰਾਤ, ਪਵੰਦੀਈ- ਆਵਾਜ਼ ਪੈਂਦਿਆਂ, ਮੁਹਾਇ- ਧੋਖੇ ਵਿੱਚ ਨਾ ਪਾ, ਕੰਨੀ- ਕੰਨਾਂ ਨਾਲ।)**

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁੰਮਿ॥

ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ॥

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥

ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥

ਫ਼ਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥

ਫ਼ਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ ॥

ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ ॥

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥

ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ ॥

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥

ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਝਾ ਦੁਧੁ ॥

ਸਭੇ ਵਸਤੂ ਮਿਠੀਆ ਰਬ ਨ ਪੁਜਨਿ ਤੁਧੁ ॥

ਫਰੀਦਾ ਦਰ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥

ਏਹੁ ਨਿਦੋਸਾ ਮਾਰੀਐ ਹਮ ਦੋਸਾ ਦਾ ਕਿਆ ਹਾਲੁ ॥

**(ਘੁੰਮਿ- ਘੁੰਮ ਕੇ, ਪਰਤ ਕੇ। ਆਪਨੜੈ ਘਰਿ- ਆਪਣੇ ਘਰ ਵਿੱਚ, ਸਵੈ-ਸਰੂਪ ਵਿੱਚ, ਸ਼ਾਂਤ ਅਵਸਥਾ ਵਿੱਚ। ਚੁੰਮਿ- ਚੁੰਮ ਕੇ। ਜਾਈਐ- ਅੱਪੜ ਜਾਈਦਾ ਹੈ, ਥੀਆ- ਹੋ ਗਿਆ ਹੈ, ਭੂਰ- ਚਿੱਟੀ, ਅਗਹੁ- ਅਗਲੇ ਪਾਸਿਓਂ, ਪਿਛਾ- ਪਿਛਲਾ ਪਾਸਾ, ਜਦੋਂ ਜੰਮਿਆ ਸੈਂ। ਕਿਆ ਭਵਹਿ- ਗਾਹਣ ਦਾ ਕੀ ਲਾਭ, ਵਣ- ਵਣ ਵਿਚ- ਜੰਗਲ ਵਿਚ, ਹਿਆਲੀਐ- ਹਿਰਦੇ ਵਿਚ। ਕਿਆ ਢੂਢੇਹਿ- ਭਾਲਣ ਦਾ ਕੀ ਲਾਭ, ਬਿਜਉਰੀਆ- ਬਿਜੌਰ ਦੇ ਇਲਾਕੇ ਦੀ ( ਇਹ ਇਲਾਕਾ ਪਠਾਣੀ ਦੇਸ ਵਿਚ ਮਾਲਾਕੰਦ ਸਵਾਤ ਤੋਂ ਪਰੇ ਹੈ।), ਦਾਖ- ਅੰਗੂਰ, ਕਿਕਰਿ- ਕਿਕਰੀਆਂ, ਹੰਢੈ- ਫਿਰਦਾ ਹੈ, ਪੈਧਾ ਲੋੜੈ- ਪਹਿਨਣਾ ਚਾਹੁੰਦਾ, ਰਹਾ- ਜੇ ਮੈਂ ਰਹਿ ਪਵਾਂ, ਤ- ਤਾਂ, ਤੁਟੈ- ਟੁੱਟਦਾ ਹੈ, ਨੇਹੁ- ਪਿਆਰ, ਅਲਹ- ਅੱਲਾਹ ਕਰ ਕੇ, ਰੱਬ ਕਰ ਕੇ। ਭਿਜਉ- ਬੇਸ਼ਕ ਭਿੱਜੇ, ਨੇਹੁ- ਪਿਆਰ, ਤਿਨਾ- ਉਹਨਾਂ ਨੂੰ, ਨਿਵਾਤ- ਮਿਸਰੀ, ਮਾਖਿਉ- ਸ਼ਹਿਦ, ਰਬ- ਹੇ ਰੱਬ, ਪ੍ਰਮਾਤਮਾ। ਨ ਪੁਜਨਿ- ਨਹੀਂ ਅੱਪੜਦੀਆਂ, ਤੁਧੁ- ਤੈਨੂੰ, ਦਰਿ- ਦਰ ਤੇ, ਬੂਹੇ ਤੇ। ਦਰਵਾਜੈ- ਦਰਵਾਜ਼ੇ ਤੇ, ਨਿਦੋਸਾ- ਬੇ-ਦੋਸਾ, ਮਾਰੀਐ- ਮਾਰ ਖਾਂਦਾ ਹੈ।)**

# ਅਭਿਆਸ-ਪ੍ਰਸ਼ਨ

1. ਹੇਠ ਲਿਖੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥

(ਅ) ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥

2. 'ਜਿਤੁ ਦਿਹਾੜੈ ਧਨ ਵਰੀ' ਸ਼ਬਦ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।
3. ਫਰੀਦ ਜੀ ਅਨੁਸਾਰ ਸੱਜਣ-ਪ੍ਰਭੂ ਨਾਲ ਨੇਹੁੰ ਕਿਵੇਂ ਬਣਿਆ ਰਹਿ ਸਕਦਾ ਹੈ?
4. ਫਰੀਦ ਜੀ ਰੱਬ ਦਾ ਵਾਸ ਕਿੱਥੇ ਦੱਸਦੇ ਹਨ? ਅਤੇ ਮੱਨੁਖ ਨੂੰ ਕਿਸ ਗੱਲੋਂ ਵਰਜਦੇ ਹਨ **?**
5. ਫਰੀਦ ਜੀ ਦੇ ਸਲੋਕ ਪੜ੍ਹ ਕੇ ਕਿਹੜੇ-ਕਿਹੜੇ ਸਦਾਚਾਰਕ ਗੁਣ ਗ੍ਰਹਿਣ ਕਰਨ ਦੀ ਸਿੱਖਿਆ ਮਿਲਦੀ ਹੈ?